# ਰੇਡੀਓ ਲੜੀਵਾਰ - ਟਿਕਾਊ ਵਿਕਾਸ - ਚਲਦੀ ਰਹੇ ਇਹ ਜਿੰਦਗੀ

## ਕੜੀ-37, ਸੁਰੱਖਿਅਣ ਅਮਲ ( ਬਰਬਾਦ ਤੇ ਜਾਇਆ ਹੋਣ ਨੂੰ ਰੋਕਣਾ)

## ( Conservation practices (preventing losses and wastage)

ਲੇਖਣ ਤੇ ਖੋਜ-ਭਾਰਤ ਗਿਆਨ ਵਿਗਿਆਨ ਸੰਮਤੀ

ਲੜੀਵਾਰ ਸੰਯੋਜਕ: ਡਾ. ਬੀ ਕੇ ਤਿਆਗੀ

ਪੰਜਾਬੀ ਰੁਪਾਂਤਰਣ ਤੇ ਸੋਧ: ਭਾਰਤ ਗਿਆਨ ਵਿਗਿਆਨ ਸੰਮਤੀ ਪੰਜਾਬ ਤੇ ਚੰਡੀਗੜ੍ਹ

(The episode deal with the necessity for the conservation of our resources by devising , adopting and implementing, the practices of conservation at various levels. This also deals with the reduction of losses and wastages, during production of raw material , finished goods , transport , sale and consumption. It focuses that conservative practices for sustainable development are required at societal as well as at the level of individua , in governance , rules, rituals and in consumption. It describes that for articles of food conservation is needed during production, harvesting, storing , raw material utilising , value addition , sale and at consumption level.)

(ਇਸ ਕੜੀ ਵਿਚ ਸਾਡੇ ਸ੍ਰੋਤਾਂ ਦੇ ਸੁਰੱਖਿਅਣ ਅਮਲਾਂ ਦੀ ਮਹੱਤਤਾ, ਸਮਾਜ ਦੇ ਹਰ ਪੱਧਰ ‘ਤੇ ਸੁਰੱਖਿਅਣ ਅਮਲ ਸਿਰਜਨ, ਅਪਣਾਉਣ ਤੇ ਲਾਗੂ ਕਰਨ ਦੀ ਲੋੜ ਤੇ ਜੋਰ ਹੈ ! ਇਸ ਵਿੱਚ ਉਤਪਾਦਨ, ਢੋ-ਢੁਆਈ, ਵੇਚ ਵੱਟਕ ਤੇ ਵਰਤੋਂ ਦੌਰਾਨ ਸ੍ਰੋਤਾਂ ਦੀ ਬਰਬਾਦੀ ਅਤੇ ਜਾਇਆ ਜਾਣ ਤੋਂ ਰੋਕਣ ਦੇ ਅਮਲਾਂ ‘ਤੇ ਵੀ ਚਰਚਾ ਹੈ ।ਟਿਕਾਊ ਵਿਕਾਸ ਦੀ ਪਗਡੰਡੀ ‘ਤੇ ਚੱਲਣ ਵਾਸਤੇ ਸਮਾਜਿਕ ਤੇ ਵਿਅਕਤੀਗਤ ਪੱਧਰ ਉੱਤੇ, ਰਾਜ-ਪ੍ਰਬੰਧ ਵਿੱਚ, ਨਿਯਮਾਂ ਕਾਨੂੰਨਾਂ , ਰਸਮੋ ਰਿਵਾਜਾਂ ਤੇ ਉਪਭੋਗਤਾ ਵਿੱਚ ਅਜਿਹੇ ਸੁਰੱਖਿਅਣ ਅਮਲਾਂ ਦੀ ਅਹਿਮ ਲੋੜ ਹੈ ! ਭੋਜਨ ਪਦਾਰਥਾਂ ਬਾਬਤ ਚਰਚਾ ਵਿੱਚ ਸ਼ਾਮਲ ਹੈ ਕਿ ਫਸਲਾਂ ਦੇ ਉਤਪਾਦਨ ਵੇਲੇ, ਕਟਾਈ ਵੇਲੇ, ਭੰਡਾਰਨ ਵੇਲੇ, ਕੱਚੇ ਮਾਲ ਵਜੋਂ ਵਰਤੋਂ ਵੇਲੇ, ਵੇਚਣਯੋਗ ਵਸਤਾਂ ਬਣਾਉਣ ਵੇਲੇ , ਵਿਕਰੀ ਤੇ ਵਰਤੋਂ ਵੇਲੇ ਵੀ ਸੁਰੱਖਿਅਣ ਅਮਲਾਂ ਦੀ , ਬਰਬਾਦੀ ਰੋਕਣ ਦੀ ਤੇ ਅਜਾਈਂ ਜਾਣ ਤੋਂ ਰੋਕਣ ਲੋੜ ਹੈ !)

ਪਾਤਰ

ਇਸਤਰੀ ਸੂਤਰਧਾਰ

ਪੁਰਸ਼ ਸੂਤਰਧਾਰ

ਡਾ. ਨੀਲ: ਵਿਗਿਆਨ ਸੰਸਥਾ ਦੇ ਵਿਭਾਗੀ ਅਧਿਕਾਰੀ

ਡਾ. ਰਮਨ: ਪ੍ਰਧਾਨ ਵਿਗਿਆਨੀ

ਡਾ: ਬਲਵਿੰਦਰ: ਸੀਨੀਅਰ ਵਿਗਿਆਨ ਅਧਿਕਾਰੀ

ਡਾ. ਸੁਨੀਤਾ : ਸੀਨੀਅਰ ਵਿਗਿਆਨੀ

## <u>ਸੁਰੂਆਤੀ ਐਲਾਨ</u>

(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਸੁਣ ਰਿਹਾ ਹੈ )

ਟਿਕਾਊ ਵਿਕਾਸ - ਚਲਦੀ ਰਹੇ ਇਹ ਜਿੰਦਗੀ……

(ਸੰਗੀਤ…)

**ਐਲਾਨ:** ਇਹ ਆਲ ਇੰਡੀਆ ਰੇਡਿਓ ਹੈ। ਵਿਗਿਆਨ ਲੜੀਵਾਰ **"ਟਿਕਾਊ ਵਿਕਾਸ - ਚਲਦੀ ਰਹੇ ਇਹ ਜਿੰਦਗੀ"** ਦੀਆਂ ਛੱਤੀ ਕੜੀਆਂ ਰਾਹੀਂ ਅਸੀਂ ਕੀਤੀ ਹੈ ਗੱਲ ਸਾਡੇ ਕੁਦਰਤ ਵਿਰੋਧੀ ਖਪਤਵਾਦ ਨਾਲ ਲੱਦੇ ਵਿਕਾਸ ਮਾਡਲ ਦੀ, ਬਦਲ ਦਿੱਤੀ ਹੈ ਜਿਸਨੇ ਸਾਡੀ ਤਰਜੇ ਜਿੰਦਗੀ ਤੇ ਬਣਾ ਦਿੱਤਾ ਹੈ ਸਾਨੂੰ ਖਪਤਵਾਦ ਦਾ ਗੁਲਾਮ ! ਗੱਲ ਕੀਤੀ ਹੈ ਇਸ ਖਪਤਵਾਦ ਦੇ ਕਾਰਨ, ਨਿੱਕਲ ਰਹੇ ਸਿੱਟਿਆਂ ਦੀ ਤੇ ਖਤਰਿਆਂ ਦੀ, ਜੋ ਦਰਪੇਸ਼ ਨੇ ਸਾਡੇ ਇਸ ਧਰਤ ਗ੍ਰਹਿ ਨੂੰ ਅਤੇ ਮਨੁਖਤਾ ਨੂੰ ! ਅੱਜ ਦੀ ਕੜੀ ਵਿੱਚ ਹੈ ਪੇਸ਼ਕਾਰੀ ਟਿਕਾਊ ਵਿਕਾਸ ਦੇ ਵਾਸਤੇ ਸਾਡੇ ਰੋਜਾਨਾ ਜੀਵਣ ਵਿੱਚ ਸ੍ਰੋਤਾਂ ਦੇ ਸੁਰੱਖਿਅਣ ਅਮਲਾਂ ਦੀ, ਸ੍ਰੋਤਾਂ ਦੀ ਬਰਬਾਦੀ ਤੇ ਜਾਇਆ ਜਾਣ ਤੋਂ ਰੋਕਣ ਵਾਲੇ ਅਮਲਾਂ ਦੀ ਅਹਿਮੀਅਤ ਦੀ !

**ਸੰਗੀਤ (ਸਿਰਲੇਖ ਗੀਤ ਦਾ ਸੰਗੀਤ ਟ੍ਰੈਕ ਮੁੜ ਸੁਣਾਇਆ ਜਾਵੇਗਾ)**

**ਔਰਤ ਸੂਤਰਧਾਰ:** ਵਿਗਿਆਨ ਲੜੀਵਾਰ "ਚਲਦੀ ਰਹੇ ਇਹ ਜਿੰਦਗੀ" ਦੀ 37ਵੀਂ ਕੜੀ ਵਿੱਚ ਸੁਆਗਤ ਹੈ ਸਾਰੇ ਸ੍ਰੋਤਿਆਂ ਦਾ! ਸੱਭ ਨੂੰ ਸ਼ੁੱਭ ਸਵੇਰ !

**ਮਰਦ ਸੂਤਰਧਾਰ:**ਪਿਛਲੀ ਕੜੀ ਵਿੱਚ ਸੁਣਾਇਆ ਸੀ ਬ੍ਰਿਤਾਂਤ ਅਸੀਂ ਟਿਕਾਊ ਵਿਕਾਸ ਦੇ ਲਈ ਖੇਤੀ ਵਿੱਚ ਵੰਨ-ਸੁਵੰਨਤਾ ਜਾ ਜੈਵਿਕ ਭਿੰਨਤਾ ਦੀ ਅਹਿਮੀਅਤ ਦਾ !

**ਔਰਤ ਸੂਤਰਧਾਰ:** ਹੋਈ ਸੀ ਗੱਲ ਖੇਤੀ ਦੀ ਬਰਬਾਦੀ ਦੀ ! ਖੇਤੀ ਤੇ ਪਸੂ ਪਾਲਣ ਨੂੰ ਦਰਪੇਸ਼ ਚੁਤਰਫੇ ਸੰਕਟ ਦੇ ਕਾਰਨਾ ਦੀ!

**ਮਰਦ ਸੂਤਰਧਾਰ:** ਕਹਾਣੀ ਸੀ , ਖੇਤੀ ਵੰਨ-ਸੁਵੰਨਤਾ ਦੇ ਨਸ਼ਟ ਹੋਣ ਦੀ, ਭਾਰਤ ਵਿੱਚ ਚਾਵਲਾਂ ਦੀਆਂ ਲੱਖਾਂ ਵੰਨਗੀਆਂ ਵਿੱਚੋਂ ਦਿੱਲੀ ਦੇ ਗੁਣ ਸੂਤਰ ਬੈਂਕ ਵਿੱਚ ਪਈਆਂ 50,000 ਵੰਨਗੀਆਂ ਦੀ! ਸੈਂਕੜੇ ਭਾਂਤਾਂ ਦੇ ਅੰਬਾਂ ਦੀ !

**ਔਰਤ ਸੂਤਰਧਾਰ:** ਚਰਚਾ ਸੀ 166 ਖੁਰਾਕੀ ਵਸਤਾਂ ਦੇ ਭਾਰਤੀ ਮੁੱਢ ਦੀ! ਇਥੇ ਉਪਲਬਧ ਪਸ਼ੂਆਂ ਦੀਆਂ ਅਨੇਕਾਂ ਨਸਲਾਂ ਦੀ ! ਗਾਵਾਂ ਦੀਆਂ ਚਾਲੀ ਵੰਨਗੀਆਂ ਦੀ !

**ਮਰਦ ਸੂਤਰਧਾਰ:** ਸੁਣਾਈ ਸੀ ਗੱਲ ਗੜ੍ਹਵਾਲ ਵਿੱਚ ਬੀਜੇ ਜਾਂਦੇ ਬਾਰਾਨਾਜੇ ਦੀ ! ਦੇਸ ਦੇ 86% ਸੀਮਾਂਤ ਕਿਸਾਨਾਂ ਵਾਸਤੇ ਮਿਸ਼ਰਤ ਫਸਲਾਂ ਬੀਜਣ ਦੇ ਸਹਿਜ ਤੇ ਵਿਹਰਕਤਾ ਦੀ ! ਘਣੀ ਨਹੀਂ, ਮਿਸ਼੍ਰਿਤ ਖੇਤੀ ਦੀ !

**ਔਰਤ ਸੂਤਰਧਾਰ:** ਕਥਾ ਸੀ ਕੀਟਾਂ ਦੇ ਮਿਸ਼੍ਰਿਤ ਪ੍ਰਬੰਧ ਦੀ ! ਮਾਸਾਹਾਰੀ ਕੀਟਾਂ ਵੱਲੋਂ ਸ਼ਾਕਾਹਾਰੀਆਂ ਨੂੰ ਚਟਮ ਕਰਨ ਦੀ ! ਕੀਟ ਮਿਸ਼੍ਰਿਤ ਕੀਟ ਪ੍ਰਬੰਧ ਦੇ ਬਲ ਬੂਤੇ ਕੀਟ ਨਾਸ਼ਕਾਂ ਦੀ ਵਰਤੋਂ ਘਟਾਉਣ ਦੀ !

**ਮਰਦ ਸੂਤਰਧਾਰ:** ਹੋਈ ਸੀ ਗੱਲ ਰਵਾਇਤੀ ਤੇ ਆਧੁਨਿਕ ਗਿਆਨ ਦੇ ਸੰਗਮ ਦੀ ਲੋੜ ਦੀ, ਟਿਕਾਊ ਵਿਕਾਸ ਦੇ ਲਈ !

**ਔਰਤ ਸੂਤਰਧਾਰ:** ਸੁਣੀ ਸੀ ਕਹਾਣੀ ਦੁੱਧ ਉਤਪਾਦਨ ਵਿੱਚ ਸਾਡੇ ਮੁਲਕ ਦੇ ਅੱਜ ਪਹਿਲੇ ਨੰਬਰ 'ਤੇ ਹੋਣ ਦੀ !

**ਮਰਦ ਸੂਤਰਧਾਰ:**ਚਰਚਾ ਸੀ ਅਲਰਜੀ ਕਰਨ ਵਾਲੀ ਏ-1 ਬੀਟਾ ਕੇਸੀਨ ਦੀ ! ਦੇਸੀ ਗਾਵਾਂ ਦੇ ਦੁੱਧ ਵਿੱਚ ਇਸਦੇ ਨਾ ਹੋਣ ਦੀ ! ਯਾਣੀ ਸਾਡੀਆਂ ਗਾਵਾਂ ਦੇ ਦੁੱਧ ਦੇ ਅਲਰਜੀ ਮੁਕਤ ਹੋਣ ਦੀ !

**ਔਰਤ ਸੂਤਰਧਾਰ:** ਅੱਜ ਦੀ ਇਸ ਸੈਂਤੀਵੀਂ ਕੜੀ ਵਿੱਚ ਪੇਸ਼ ਹੋਵੇਗੀ ਕਹਾਣੀ ਸੁਰੱਖਿਅਣ ਅਮਲਾਂ ਦੀ, ਸ੍ਰੋਤਾਂ ਨੂੰ ਨਸ਼ਟ ਹੋਣ ਤੋਂ ਤੇ ਜਾਇਆ ਜਾਣ ਤੋਂ ਬਚਾਉਣ ਵਾਸਤੇ ਸਿਰਜੇ, ਅਪਣਾਏ ਤੇ ਲਾਗੂ ਕੀਤੇ ਜਾਣ ਵਾਲੇ ਅਮਲਾਂ ਦੀ !

**ਐਲਾਨ:** ਆਲ ਇੰਡੀਆ ਰੇਡਿਓ ਵੱਲੋਂ ਵਿਗਿਆਨ-ਪ੍ਰਸਾਰ ਦੇ ਸਹਿਯੋਗ ਨਾਲ ਪੇਸ਼ ਹੈ, ਵਿਗਿਆਨ ਲੜੀਵਾਰ ਟਿਕਾਊ ਵਿਕਾਸ – "**ਚਲਦੀ ਰਹੇ ਇਹ ਜਿੰਦਗੀ**" ਦੀ 37ਵੀਂ ਕੜੀ, "**ਸੁਰੱਖਿਅਣ ਅਮਲ ( ਬਰਬਾਦ ਤੇ ਜਾਇਆ ਹੋਣ ਨੂੰ ਰੋਕਣਾ)**" ! ਸੁਣੋ ਹੁਣ ਤੁਸੀਂ, ਸਾਡੇ ਇਨ੍ਹਾਂ ਕਲਾਕਾਰਾਂ ਤੋਂ !

(ਸਿਰਲੇਖ ਗੀਤ ਦਾ ਸੰਗੀਤ ਟ੍ਰੈਕ ਮੱਧਮ ਪੈਂਦਾ ਹੈ)

**…………ਕੜੀ ਦਾ ਸੰਗੀਤ…………**

**ਸਿਰਲੇਖ ਧੁਨੀ ……………………………….ਮੱਧਮ ਪੈਂਦੀ ਹੈ**

**(ਦ੍ਰਿਸ਼ ਪਰਿਵਰਤਨ ਦਾ ਸੰਗੀਤ)**

**ਦ੍ਰਿਸ਼ –ਪਹਿਲਾ**

**(ਕੁਝ ਲੋਕਾਂ ਦੀਆਂ ਉੱਚੀਆਂ-ਉੱਚੀਆਂ ਅਵਾਜ਼ਾਂ….ਕਿਸੇ ਕਮਰੇ ਵਿਚ…)**

**ਡ. ਰਮਨ :** ਡਾ. ਨੀਲ ! ਅੱਜਕੱਲ੍ਹ ਤੁਸੀਂ ਵਿਗਿਆਨ ਸੰਸਥਾ ਵਾਲਿਆਂ ਨੇ ਤਾਂ ਕੇਵਲ ਇੱਕ ਹੀ ਰਾਗ ਝੋ ਰੱਖਿਆ ਹੈ !

**ਡਾ. ਸੁਨੀਤਾ :** ਕਿਹੜੇ ਇੱਕੋ ਇੱਕ ਕੰਮ ਦਾ ਰਾਗ ਅਲਾਪ ਰਹੇ ਨੇ ਇਹ ਸਾਡੇ ਦੋਸਤ ਅੱਜ ਕੱਲ੍ਹ ?

**ਡ. ਰਮਨ :** ਡਾ. ਨੀਲ ਹੋਰੀਂ ਰੁੱਝੇ ਨੇ ਅੱਜ ਕੱਲ੍ਹ, ਲੋਕਾਂ ਨੂੰ ਨਸੀਹਤਾਂ ਦੇਣ ਵਿੱਚ !

**ਡਾ. ਬਲਵਿੰਦਰ :** ਡਾ. ਨੀਲ ! ਕਿਹੜੀਆਂ ਨਸੀਹਤਾਂ ਦਿੰਦੇ ਰਹਿੰਦੇ ਓ ਤੁਸੀਂ ਅੱਜ ਕੱਲ੍ਹ , ਜਿਸਤੇ ਇਤਰਾਜ ਹੈ ਸਾਡੇ ਦੋਸਤ ਡਾ. ਰਮਨ ਨੂੰ !

**ਡਾ. ਨੀਲ :** ਦੋਸਤੋ ! ਅੱਜ ਕੱਲ੍ਹ ਅਸੀਂ ਲੋਕਾਂ ਵਿੱਚ ਇੱਕ ਜਾਗਰੂਕਤਾ ਮੁਹਿੰਮ ਸੁਰੂ ਕੀਤੀ ਹੈ ਸੁਰੱਖਿਅਣ ਅਮਲਾਂ ਬਾਬਤ ! ਚਰਚਾ ਕਰਦੇ ਹਾਂ ਅਸੀਂ ਲੋਕਾਂ ਨਾਲ ਕਿ ਸਾਡੇ ਕੁਦਰਤੀ ਤੇ ਹੋਰ ਸ੍ਰੋਤ , ਮੱਕ ਰਹੇ ਨੇ ਬਹੁਤ ਹੀ ਤੇਜੀ ਨਾਲ ! ਲੋੜ ਹੈ ਇਨ੍ਹਾਂ ਨੂੰ ਬਚਾਉਣ ਦੀ !

**ਡਾ. ਸੁਨੀਤਾ :** ਇਸ ਵਿੱਚ ਇਤਰਾਜ ਵਾਲੀ ਕਿਹੜੀ ਗੱਲ ਹੈ ? ਸ੍ਰੋਤ ਤਾਂ ਮੁੱਕ ਹੀ ਰਹੇ ਨੇ , ਕੋਲਾ ਖਤਮ ਹੋ ਰਿਹਾ ਹੈ, ਪੈਟਰੋਲ ਖਤਮ ਹੋ ਰਿਹਾ ਹੈ , ਕੋਲੇ ਦੀਆਂ ਤਾਂ ਕਾਨਾਂ ਵੀ ਬੰਦ ਕਰਨੀਆਂ ਪੈ ਰਹੀਆਂ ਨੇ ! ਕੋਲਾਰ ਦੀਆਂ ਸੋਨੇ ਦੀਆਂ ਕਾਨਾਂ ਤਾਂ 2003 ਵਿੱਚ ਹੀ ਬੰਦ ਕਰ ਦਿੱਤੀਆਂ ਗਈਆਂ ਸਨ !

**ਡਾ. ਨੀਲ :** ਅਸੀਂ ਵੀ ਬੱਸ ਇਹੀ ਮੁਹਿੰਮ ਚਲਾ ਰਹੇ ਹਾਂ ਕਿ ਖਪਤਵਾਦ ਦੇ ਇਸ ਦੌਰ ਵਿੱਚ, ਲੋੜ ਹੈ ਸਾਡੇ ਉਪਲਬਧ ਸ੍ਰੋਤਾਂ ਨੂੰ ਸੰਭਲ ਕੇ ਵਰਤਨ ਦੀ ! ਇਨ੍ਹਾਂ ਦੀ ਬਰਬਾਦੀ ਰੋਕਣ ਦੀ ! ਅਜਾਈਂ ਜਾਣ ਤੋਂ ਰੋਕਣ ਦੀ !

**ਡਾ. ਰਮਨ :** ਤੁਸੀਂ ਵਿਹਾਰਕ ਗੱਲ ਤਾਂ ਕਰ ਨਹੀਂ ਰਹੇ ! ਆਪਣੀ ਹੀ ਧੁਨ ਵਿੱਚ ਮਸਤ ਹੋ ਕੇ ਨਸੀਹਤਾਂ ਦਿੰਦੇ ਰਹਿੰਦੇ ਹੋ, ਕੌਣ ਮੰਨੇਗਾ ਤੁਹਾਡੀਆਂ ਇਨ੍ਹਾਂ ਘਸੀਆਂ ਪਿਟੀਆਂ ਗੈਰ ਵਿਹਰਕ ਸਲਾਹਾਂ ਨੂੰ ?

**ਡਾ. ਨੀਲ :** ਕਿਹੜੀ ਹੈ ਗੈਰ ਵਿਹਾਰਕ ਗੱਲ ਸਾਡੀ ?

**ਡਾ. ਰਮਨ :** ਤੁਸੀਂ ਕਹਿ ਰਹੇ ਹੋ ਕਿ ਕਾਰਾਂ ਵਿੱਚ ਪੈਟਰੋਲ ਘੱਟ ਵਰਤੋ, ਕਾਰਾਂ ਵਿੱਚ ਇਕੱਠੇ ਮਿਲ ਕੇ ਸਫਰ ਕਰੋ ! ਅਮਲੀ ਜੀਵਣ ਵਿੱਚ ਕਿਵੇਂ ਹੈ ਇਹ ਸੰਭਵ ? ਹਰ ਇੱਕ ਦੇ ਕੰਮ ਵੱਖ, ਵਕਤ ਵੱਖ , ਵਕਤ ਸਿਰ ਪਹੁੰਚਣ ਦੀ ਮਜਬੂਰੀ ਵੱਖ !

**ਡਾ. ਬਲਵਿੰਦਰ :**ਪਰ ਇੱਕੋ ਦਫਤਰ ਵਿੱਚ ਇੱਕੋ ਸਮੇ ਜਾਣ ਤੇ ਇੱਕੋ ਸਮੇ ਛੁੱਟੀ ਤੇ ਵਾਪਸ ਆਉਣ ਵਾਲਿਆਂ ਵਾਸਤੇ ਕਾਰਾਂ ਪੂਲ ਕਰਨ ਵਿੱਚ ਕੀ ਹੈ ਔਖ ?

**ਡਾ. ਰਮਨ:** ਪਰ ਕਾਰਾਂ ਦੀਆਂ ਕੰਪਨੀਆਂ ਦੇ ਅੰਧਾ ਧੁੰਦ ਪ੍ਰਚਾਰ ਦੇ ਦਨਾਅ ਦਾ ਕੀ ਹੈ ਹੱਲ ? ਉਹ ਤਾਂ ਨਵੀਂਆਂ ਤੋਂ ਨਵੀਂਆਂ ਵੱਡੀਆਂ ਵੱਡੀਆਂ ਕਾਰਾਂ ਦੀ ਖ਼੍ਰੀਦਣ ਵਾਸਤੇ ਉਕਸਾ ਰਹੇ ਨੇ ਹਰ ਰੋਜ !

**ਡਾ. ਸੁਨੀਤਾ** : ਪਰ ਕੰਪਨੀਆਂ ਦੇ ਵਪਾਰਕ ਹਿੱਤ ਮਨੁੱਖਤਾ ਦੇ ਵਡੇ ਹਿੱਤਾਂ ਤੋਂ ਉਪਰ ਨਹੀਂ ਰੱਖੇ ਜਾ ਸਕਦੇ ! ਇਸ ਵਾਸਤੇ ਕੰਪਨੀਆਂ ਦੇ ਟਿਕਾਊ ਵਿਕਾਸ ਦੇ ਵਿਰੋਧ ਵਿੱਚ ਜਾਣ ਵਾਲੇ ਕੰਮਾਂ ‘ਤੇ ਨਿਯੰਤਰਣ ਵੀ ਕਰਨਾ ਪਵੇਗਾ !

**ਡਾ. ਰਮਨ :** ਤਾਂ ਕੀ ਤੁਹਾਡਾ ਮਤਲਬ ਹੈ ਕਿ ਵਿਕਾਸ ਦੇ ਪਹੀਏ ਨੂੰ ਰੋਕ ਦਿੱਤਾ ਜਾਵੇ ? ਨਵੀਂਆਂ ਤਕਨੀਕਾਂ ਨਾ ਹੀ ਖੋਜੀਆਂ ਜਾਣ ਤੇ ਨਾ ਹੀ ਵਰਤੀਆਂ ਜਾਣ ?

**ਡਾ. ਨੀਲ :** ਇਹ ਅਸੀਂ ਕਦ ਕਹਿੰਦੇ ਹਾਂ ? ਅਸੀਂ ਤਾਂ ਕੇਵਲ ਇਹ ਕਹਿੰਦੇ ਹਾਂ ਕਿ ਨਿਜੀ ਹਿੱਤ ਸਰਵਜਨਕ ਹਿਤਾਂ ਤੋਂ ਉਪਰ ਨਹੀਂ ਰੱਖੇ ਜਾ ਸਕਦੇ ! ਸਮਾਜ ਇੱਕ ਦੂਜੇ ਦੀ ਸਹਿ-ਹੋਂਦ ਨਾਲ ਹੀ ਚੱਲ ਸਕਦਾ ਹੈ ! ਕਿਸੇ ਇੱਕ ਦੇ ਨਿਜੀ ਹਿਤਾਂ ਦੀ ਰਾਖੀ ਲਈ ਜਨਤਕ ਹਿਤ ਕੁਰਬਾਨ ਨਹੀਂ ਕੀਤੇ ਜਾ ਸਕਦੇ ! ਕਿਸੇ ਇੱਕ ਦੀ ਦਾਦਾਗਿਰੀ ਨਾਲ ਤੇ ਕੁਦਰਤੀ ਭੰਡਾਰਾਂ ਦੇ ਨਿਜੀ ਹਿੱਤਾਂ ਵਾਸਤੇ ਲੋੜੋਂ ਵੱਧ ਦੋਹਣ ਨਾਲ ਟਿਕਾਊ ਵਿਕਾਸ ਸੰਭਵ ਨਹੀਂ ! ਇਸ ‘ਤੇ ਤਾਂ ਨਿਯੰਤਰਣ ਕਰਨਾ ਹੀ ਪਵੇਗਾ !

**ਡਾ. ਬਲਵਿੰਦਰ :** ਮੇਰਾ ਇੱਕ ਪ੍ਰਸ਼ਨ ਹੈ ਡਾ. ਰਮਨ ਨੂੰ !

**ਡਾ. ਰਮਨ :** ਚਲੋ ਦਸੋ ਕੀ ਹੈ ਤੁਹਾਡੀ ਸ਼ੰਕਾ ਮੇਰੀਆਂ ਗੱਲਾਂ ‘ਤੇ ?

**ਡਾ. ਬਲਵਿੰਦਰ:** ਵੇਖੋ! ਵਿਗਿਆਨ ਦੇ ਅਸੀਂ ਸਾਰੇ ਵਿਦਿਆਰਥੀ ਜਾਣਦੇ ਹਾਂ ਕਿ ਤਕਨੀਕ ਦਾ ਵਿਕਾਸ ਤਾਂ ਕੁਦਰਤ ਵਿੱਚ ਮਨੁੱਖੀ ਸਮਾਜ ਨਾਲੋਂ ਖਰਬਾਂ-ਖਰਬਾਂ ਗੁਣਾ ਜਿਆਦਾ ਹੋਇਆ ਤੇ ਲਗਾਤਾਰ ਹੋ ਰਿਹਾ ਹੈ, ਪਰ ਉਸਨੇ ਕੁਦਰਤ ਦਾ ਨਾਸ ਨਹੀਂ ਕੀਤਾ! ਜੇ ਕਿਤੇ ਇਸਦਾ ਸੰਤੁਲਨ ਕਿਸੇ ਕਾਰਨ ਹਿੱਲ ਗਿਆ ਤਾਂ ਪ੍ਰਲੋ ਤੇ ਮਹਾਂ ਪ੍ਰਲੋ ਨੇ ਕਰ ਦਿੱਤਾ ਸੱਭ ਕੁੱਝ ਮਲੀਆ ਮੇਟ!

**ਡਾ. ਸੁਨੀਤਾ:** ਡਾ. ਰਮਨ ! ਤੁਸੀਂ ਕਿਵੇਂ ਕਹਿੰਦੇ ਹੋ ਕਿ ਡਾ. ਨੀਲ ਦੇ ਵੱਲੋਂ ਪ੍ਰਚਾਰੇ ਜਾਂਦੇ ਟਿਕਾਊ ਵਿਕਾਸ ਦਾ ਅਰਥ ਹੈ ਤਕਨੀਕੀ ਵਿਕਾਸ ਅਤੇ ਨਵੀਆਂ ਖੋਜਾਂ ‘ਤੇ ਰੋਕ ?

**ਡਾ. ਰਮਨ :** ਜੇ ਰੋਕ ਨਹੀਂ ਤਾਂ ਫਿਰ ਇਸ ਹੋ ਰਹੇ ਆਧੁਨਿਕ ਵਿਕਾਸ ਤੇ ਐਨਾ ਵਾ - ਵੇਲਾ ਕਿਉਂ ?

**ਡਾ. ਸੁਨੀਤਾ :** ਵਾ-ਵੇਲਾ ਇਸ ਲਈ ਕਿ ਸ੍ਰੋਤਾਂ ਤੇ ਖੋਜਾਂ ਨੂੰ ਮੁੱਠੀ ਭਰ ਧਨਾਡਾਂ ਦੇ ਕਬਜੇ ਵਿੱਚ ਕਰਨ ਵਾਸਤੇ ਤੇ ਉਨ੍ਹਾਂ ਦੀ ਲਾਲਸਾ ਦੀ ਪੂਰਤੀ ਵਾਸਤੇ ਕੁਦਰਤ ਦਾ ਅੰਧਾ ਧੁੰਦ ਦੋਹਣ ਕੀਤਾ ਜਾ ਰਿਹਾ ਹੈ !

**ਡਾ. ਬਲਵਿੰਦਰ:** ਸੰਸਾਰ ਵਿੱਚ ਵੀ ਤੇ ਭਾਰਤ ਵਿੱਚ ਵੀ ਉਪਰਲੇ 1% ਕੋਲ ਅੱਧਿਓਂ ਵੱਧ ਸ੍ਰੋਤ ਜਮ੍ਹਾ ਹੋ ਗਏ ਨੇ ! ਨਿਜੀ ਲਾਲਚ ਦੀ ਦੌੜ ਵਿੱਚ ਇਨ੍ਹਾਂ ਦੀ ਦੁਰ ਵਰਤੋਂ ਹੋ ਰਹੀ ਹੈ !

**ਡਾ. ਨੀਲ :** ਇਸਦੇ ਨਾਲ ਹੀ ਇਹ ਵੀ ਸਪਸ਼ਟ ਹੈ ਕਿ ਅੱਜ ਦਾ ਵਿਕਾਸ ਕਰ ਰਿਹਾ ਹੈ ਸ੍ਰੋਤਾਂ ਦੀ ਬਰਬਾਦੀ , ਜਾਇਆ ਹੋ ਰਹੇ ਨੇ ਕੁਦਰਤੀ ਸ੍ਰੋਤ ! ਵਰਤੀਆਂ ਨਹੀਂ ਜਾ ਰਹੀਆਂ ਕੁਦਰਤੀ ਦਾਤਾਂ, ਸਰਬੱਤ ਦੇ ਭਲੇ ਦੇ ਵਾਸਤੇ !

**ਡਾ. ਬਲਵਿੰਦਰ:** ਇੱਕ ਹੋਰ ਅਹਿਮ ਨੁਕਤਾ "ਅੱਜ ਦਾ ਵਿਕਾਸ ਕੁਦਰਤ ਨਾਲ ਟੱਕਰ ਵਿੱਚ ਹੈ", ਇਸ ਕਰਕੇ ਇਹ ਸਥਾਈ ਤੇ ਟਿਕਾਊ ਵਿਕਾਸ ਨਹੀਂ !

**ਡਾ. ਰਮਨ:** ਹਾਂ! ਕੁਦਰਤ ਨਾਲ ਸੰਤੁਲਨ ਤੇ ਇੱਕਸੁਰਤਾ ਵਿੱਚ, ਕੁਦਰਤ ਦੀ ਤਰ੍ਹਾਂ ਵਾਫਰ ਤਕਨੀਕ ਵਿਕਸਿਤ ਕਰਕੇ, ਜਨ ਜਨ ਨੂੰ ਤਕਨਾਲੋਜੀ ਬਿਨਾ ਵਿਤਕਰੇ ਦੇ ਉਪਲਬਧ ਕਰਵਾਕੇ ਹੀ ਅਸੀਂ ਪੁੱਟ ਸਕਦੇ ਹਾਂ ਪੁਲਾਂਘਾਂ, ਟਿਕਾਊ ਵਿਕਾਸ ਦੇ ਵੱਲ !

**ਡਾ. ਨੀਲ:**ਇਸ ਕਾਰਜ ਵਾਸਤੇ ਲੋੜ ਹੈ ਸੁਰੱਖਿਅਣ ਅਮਲਾਂ ਦੀ, ਸ੍ਰੋਤਾਂ ਨੂੰ ਬਰਬਾਦ ਹੋਣ ਤੇ ਅਜਾਈਂ ਜਾਣ ਤੋਂ ਰੋਕਣ ਦੀ !

**ਡਾ. ਸੁਨੀਤਾ** : ਸਾਡੀ ਲੋੜ ਹੈ ਕਿ "ਪਦਾਰਥ ਤੇ ਊਰਜਾ ਨਾ ਤਾਂ ਨਸ਼ਟ ਹੋ ਸਕਦੇ ਹਨ ਤੇ ਨਾ ਹੀ ਪੈਦਾ ਕੀਤੇ ਜਾ ਸਕਦੇ ਹਨ, ਇਹ ਤਾਂ ਬੱਸ ਬਦਲਦੇ ਰਹਿੰਦੇ ਨੇ ਰੂਪ, ਅਚਾਰ ਤੇ ਵਿਹਾਰ!" ਦੇ ਵਿਗਿਆਨਿਕ ਨਿਯਮ ਦੀ ਹਕੀਕਤ ਨੂੰ ਸਮਝੀਏ !

**ਡਾ. ਬਲਵਿੰਦਰ:** ਹਾਂ ! ਇਹ ਤਾਂ ਹੈ ਅਟੱਲ ਸਚਾਈ ! ਪਰ ਇੱਕ ਹੋਰ ਵੀ ਹੈ ਸਚਾਈ ਜਿਸਤੋਂ ਅਸੀਂ ਮੂੰਹ ਨਹੀਂ ਮੋੜ ਸਕਦੇ !

**ਡਾ. ਰਮਨ** : ਉਹ ਕੀ ?

**ਡਾ. ਬਲਵਿੰਦਰ:** ਉਹ ਇਹ, ਕਿ ਬ੍ਰਹਿਮੰਡ ਵਿੱਚ ਸਿਰਜਨਾ ਹੋਈ ਹੈ ਨਾ-ਨਾ ਪ੍ਰਕਾਰ ਦੇ ਪਦਾਰਥਾਂ ਦੀ, ਅਰਬਾਂ ਸਾਲਾਂ ਵਿੱਚ ! ਇਸ ਕਾਲ ਦੌਰਾਨ ਇਨ੍ਹਾਂ ਪਦਾਰਥਾਂ ਦੇ ਰੂਪ ਬਦਲੀ ਦੇ ਵਾਸਤੇ, ਸਥਾਪਤ ਹੋ ਗਏ ਅਨੇਕਾਂ ਹੀ ਚੱਕਰ ! ਇਨ੍ਹਾਂ ਪਦਾਰਥਾਂ ਦਾ ਪੁਨਰ ਚੱਕਰੀਕਰਨ ਤੇ ਪੁਨਰ -ਨਿਰਮਾਨ ਵੀ ਹੁੰਦਾ ਹੈ ਹਰ ਵਕਤ ਇਨ੍ਹਾਂ ਚੱਕਰਾਂ ਦੇ ਰਾਹੀਂ ਹੀ !

**ਡਾ. ਰਮਨ** : ਉਹ ਤਾਂ ਹੈ ਹੀ! ਇਸ ਵਿੱਚ ਵਿਸ਼ੇਸ਼ ਗੱਲ ਕੀ ਹੈ !

**ਡਾ. ਬਲਵਿੰਦਰ:** ਜਾਣਦੇ ਹਾਂ ! ਪਰ ਧਿਆਨ ਨਹੀਂ ਦਿੰਦੇ !

**ਡਾ. ਰਮਨ** : ਕਿਸ ਗੱਲ ਤੇ ਨਹੀਂ ਦਿੰਦੇ ਧਿਆਨ ?

**ਡਾ. ਬਲਵਿੰਦਰ:** ਇਹੀ ਕਿ ਇਸ ਚਕਰੀਕਰਨ ਤੇ ਪੁਨਰ-ਨਿਰਮਾਨ ਦੀ ਧੁਰੀ ਹੈ, ਸਜੀਵ ਤੇ ਨਿਰਜੀਵ ਮਾਦੇ ਦੀ, ਬਦਲਾਅ ਦੀ ਨਿਰੰਤਰ ਆਪਸੀ ਪ੍ਰਕਿਰਿਆ ! ਪ੍ਰਕਿਰਿਆ, ਕਿਤੇ ਮੰਦ-ਮੰਦ ਤੇ ਕਿਤੇ ਰੌਸ਼ਨੀ ਦੀ ਤਰ੍ਹਾਂ ਤੇਜ! ਕਿਤੇ ਜਾਹਰਾ ਤੇ ਕਿਤੇ ਗੁਪਤ !

**ਡਾ. ਰਮਨ:** ਪਰ ਸਾਡੀ ਚਰਚਾ ਨਾਲ ਇਸਦਾ ਕੀ ਹੈ ਸਬੰਧ ?

**ਡਾ. ਬਲਵਿੰਦਰ:** ਹੈ ਸਬੰਧ! ਅਸਲ ਮੁੱਦਾ ਤਾਂ ਹੈ ਹੀ ਇਹ !

**ਡਾ. ਸੁਨੀਤਾ:** ਹੈਂ ! ਅਸਲ ਮੁਦਾ ਹੀ ਇਹ ?

**ਡਾ. ਬਲਵਿੰਦਰ:** ਜੀ ਹਾਂ! ਅਸੀਂ ਗੱਲ ਕਰ ਰਹੇ ਹਾਂ ਡਾ ਨੀਲ ਹੋਰਾਂ ਵੱਲੋਂ ਸ੍ਰੋਤਾਂ ਦੇ ਸੁਰੱਖਿਅਣ ਬਾਬਤ ਚਲਾਈ ਮੁਹਿੰਮ ਦੀ ! ਇਨ੍ਹਾਂ ਦੀ ਬਰਬਾਦੀ ਰੋਕਣ ਦੀ ਇਨ੍ਹਾਂ ਨੂੰ ਜਾਇਆ ਨਾ ਜਾਣ ਦੇਣ ਦੀ ! ਇਨ੍ਹਾਂ ਦੀ ਸੰਭਾਲ ਦੀ !

**ਡਾ. ਰਮਨ:** ਹਾਂ ! ਮੈਂ ਤਾਂ ਬੱਸ ਇਹੀ ਕਿਹਾ ਹੈ ਕਿ ਡਾ ਨੀਲ ਨੇ ਲਾ ਰੱਖੀ ਹੈ ਨਸੀਹਤਾਂ ਦੀ ਝੜੀ ! ਚਲਾ ਰੱਖੀ ਹੈ ਮੁਹਿੰਮ ; ਸ੍ਰੋਤ ਬਚਾਓ-ਸ੍ਰੋਤ ਬਚਾਓ !

**ਡਾ. ਬਲਵਿੰਦਰ:** ਜੀ ਹਾਂ! ਇਹ ਮੁਹਿੰਮਤਾਂ ਚੱਲੀ ਹੀ ਕੁਦਰਤ ਦੇ ਪੁਨਰ ਚਕਰੀਕਰਨ ਤੇ ਪੁਨਰ ਨਿਰਮਾਣ ਦੀ ਵਿਗਿਆਨ ਦੀ ਸਮਝ ਆਉਣ ਤੇ ਹੈ !

**ਡਾ. ਨੀਲ:** ਡਾ. ਰਮਨ! ਹੋ ਗਈ ਤਸੱਲੀ! ਤੁਸੀਂ ਹੀ ਦੱਸੋ ਕਿ ਹਰ ਪੁਨਰ ਚਕਰੀਕਰਨ ਤੇ ਪੁਨਰ ਨਿਰਮਾਨ ਨੂੰ ਕੁੱਝ ਨਿਰਧਾਰਤ ਵਕਤ ਤਾਂ ਲਗਦਾ ਹੀ ਹੈ ? ਤੁਸੀਂ ਹੀ ਦੱਸੋ ਕਿ ਕੀ ਅਜ ਹੀ ਕਣਕ ਬੀਜ ਕੇ ਅੱਜ ਹੀ ਵੱਢ ਕੇ ਰੋਟੀ ਪਕਾਈ ਜਾ ਸਕਦੀ ਹੈ ?

**ਡਾ. ਰਮਨ**: ਨਹੀਂ ! ਪਰ ਮੈਂ ਅਜਿਹਾ ਕਦ ਕਿਹਾ ਹੈ ?

**ਡਾ. ਨੀਲ**: ਹਾਂ! ਸਿੱਧਾ ਨਹੀਂ ਕਿਹਾ ਪਰ ਤੇਰਾ ਭਾਵ ਤਾਂ ਇਹੀ ਹੈ !

**ਡਾ. ਰਮਨ**: ਉਹ ਕਿਵੇਂ ?

**ਡਾ. ਬਲਵਿੰਦਰ**: ਕੁਦਰਤ ਨੂੰ ਵੀ ਤਾਂ ਲੋੜ ਹੈ ਵਕਤ ਦੀ ਇਸ ਪੁਨਰ ਚਕਰੀਕਰਨ ਤੇ ਪੁਨਰ ਨਿਰਮਾਣ ਦੇ ਵਾਸਤੇ !

**ਡਾ. ਰਮਨ**: ਵਕਤ ਤੋਂ ਕੌਣ ਇਨਕਾਰ ਕਰਦਾ ਹੈ ?

**ਡਾ. ਬਲਵਿੰਦਰ**: ਬੱਸ ਉਸੇ ਵਕਤ ਦੇ ਵਾਸਤੇ ਕਹਿੰਦੇ ਨੇ ਡਾ. ਨੀਲ ਲੋਕਾਈ ਨੂੰ, ਕਿ ਭਾਈ ਇਨ੍ਹਾਂ ਕੁਦਰਤੀ ਸ੍ਰੋਤਾਂ ਦਾ ਦੋਹਣ ਨਾ ਕਰੋ ! ਵਕਤ ਤਾਂ ਦਿਓ ਇਨ੍ਹਾਂ ਦੇ ਮੁੜ ਚਕਰੀਕਰਨ ਤੇ ਪੁਨਰਨਿਰਮਾਣ ਦੇ ਵਾਸਤੇ ! ਤੇ ਉਹ ਵਕਤ ਹੈ ਹਜਾਰਾਂ ਸਾਲਾਂ ਦਾ !

**ਡਾ. ਰਮਨ**: ਪਰ ਰੋਜ ਮਰ੍ਹਾ ਦੇ ਜੀਵਣ ਦੀਆਂ ਲੋੜਾਂ ਵੀ ਤਾਂ ਕਰਨੀਆਂ ਨੇ ਪੂਰੀਆਂ !

**ਡਾ. ਸੁਨੀਤਾ**: ਕੌਣ ਰੋਕਦਾ ਹੈ ਲੋੜਾਂ ਪੂਰੀਆਂ ਕਰਨ ਤੋਂ ! ਪਰ ਜਾਇਆ ਤਾਂ ਨਾ ਕਰੀਏ! ਲੋੜ ਪੂਰੀ ਕਰਨ ਲਈ ਸੰਜਮ ਦਾ ਪੱਲਾ ਤਾਂ ਫੜ ਕੇ ਰੱਖੀਏ ! ਕੇਵਲ ਲੋੜ ਅਨੁਸਾਰ ਹੀ ਤਾਂ ਵਰਤੀਏ !

**ਡਾ. ਬਲਵਿੰਦਰ**: ਹਾਂ! ਡਾ. ਰਮਨ ਤੁਸੀਂ ਹੀ ਦੱਸੋ ਕਿ ਜੰਗਲ ਦਾ ਸ਼ੇਰ ਸ਼ਾਕਾਹਾਰੀ ਤਾਂ ਨਹੀਂ ਨਾ ! ਪਰ ਉਹ ਬੁਰਕ ਮਾਰ ਮਾਰ ਕੇ ਵੀ ਤਾਂ ਨਹੀਂ ਸੁੱਟਦਾ ! ਨਾ ਹੀ ਉਹ ਜਾਨਵਰ ਮਾਰ ਮਾਰ ਕੇ ਆਪਣੀ ਕੰਦਰਾ ਵਿੱਚ ਇਕੱਠੇ ਕਰਦਾ ਹੈ !

**ਡਾ. ਨੀਲ**: ਬੱਸ! ਇਸੇ ਨਿਯਮ ਨਾਲ ਜੰਗਲ ਵੀ ਬਚਿਆ ਰਹਿੰਦਾ ਹੈ ਤੇ ਸ਼ੇਰ ਵੀ ! ਉਸਨੂੰ ਉਸਦਾ ਭੋਜਨ ਵੀ ਬਿਨਾ ਨਾਗਾ ਮਿਲਦਾ ਰਹਿੰਦਾ ਹੈ !

**ਡਾ. ਸੁਨੀਤਾ**: ਅਸੀਂ ਵੀ **"ਵਰਤੋ ਤੇ ਸੁਟੋ"** ਦੀ ਥਾਂ ਨਵਾਂ ਸਭਿਆਚਾਰ ਤਾਂ ਬਣਾ ਹੀ ਸਕਦੇ ਹਾਂ **"ਸੰਜਮ ਨਾਲ ਵਰਤੋ, ਮੁੜ-ਮੁੜ ਵਰਤੋ, ਪੁਨਰਚਕਰੀਕਰਨ ਕਰੋ ਤੇ ਵਰਤੋ, ਪੁਨਰ ਨਿਰਮਾਨ ਕਰੋ ਤੇ ਵਰਤੋ"** !

**ਡਾ. ਨੀਲ**: ਹਾਂ ! ਸਾਡੀ ਸੰਸਥਾ ਵੀ ਤਾਂ ਇਹੀ ਕਹਿੰਦੀ ਹੈ "ਸੰਜਮ ਨਾਲ ਵਰਤੋ! ਮੁੜ-ਮੁੜ ਵਰਤੋ, ਪੁਨਰਚਕਰੀਕਰਨ ਕਰਕੇ ਵਰਤੋ"!

**ਡਾ. ਸੁਨੀਤਾ**: ਹਾਂ ਜੀ ! ਇਹ ਵਰਤਾਰਾ ਤਾਂ ਸਾਡੇ ਸਭਿਆਚਾਰ ਦਾ ਹਿੱਸਾ ਹੀ ਰਿਹਾ ਹੈ! ਅਸੀਂ ਤਾਂ ਕਾਪੀਆਂ ਦੀ ਰੱਦੀ ਦੇ ਲਿਫਾਫੇ, ਲਿਫਾਫਿਆਂ ਦੇ ਗੋਹਲੇ ਤੇ ਗੋਹਲਿਆਂ ਦੀ ਖਾਦ ਬਣਾਉਂਦੇ ਰਹੇ ਹਾਂ !

**ਡਾ. ਬਲਵਿੰਦਰ**: ਹਾਂ! ਸਮਾਨ ਬੰਨ੍ਹ ਕੇ ਆਈਆਂ ਪੱਲੀਆਂ ਦੇ ਨੀਚੇ ਵਿਛਾਉਣ ਲਈ ਤੇ ਪਸ਼ੂਆਂ ਤੇ ਪਾਉਣ ਲਈ ਝੁੱਲ ਬਣਾਉਣਾ, ਫਿਰ ਉਨਾਂ ਦੇ ਸੇਬੇ ਕੱਢ ਕੇ ਮੂਹੜੇ ਬਣਾਉਣਾ ਤੇ ਉਨ੍ਹਾਂ ਮੂਹੜਿਆਂ ਦੇ ਟੁੱਟਣ ਤੇ ਰੂੜੀ ਬਣਾਉਣਾ ਆਮ ਹੀ ਸੀ !

**ਡਾ. ਨੀਲ**: ਹਾਂ ! ਪਿੰਡਾਂ ਦੇ ਟੋਭੇ ਸੁੱਕਨ 'ਤੇ, ਡਲੇ ਕੱਢ ਕੇ ਕੰਧਾਂ ਬਣਾਉਣੀਆਂ, ਉਨ੍ਹਾਂ ਕੰਧਾਂ ਦੇ ਢਹਿਣ ਤੇ ਉਸੇ ਮਿਟੀ ਵਿੱਚ ਗਲੀ ਸੜੀ ਤੂੜੀ ਮਿਲਾ ਕੇ ਕੰਧਾਂ ਲਿਪਣੀਆਂ, ਉਨ੍ਹਾਂ ਹੀ ਕੰਧਾਂ ਦੇ ਲਿਓੜ ਲਾਹ ਕੇ ਮੁੜ ਛੱਤਾਂ ਲਿੱਪਣਾ ਸੀ ਕਿੰਨੀ ਸੁਹਣੀ ਮਿਸਾਲ ਮੁੜ-ਮੁੜ ਵਰਤੋਂ ਦੀ !

**ਡਾ. ਸੁਨੀਤਾ**: ਘਰ ਦੀ ਰਸੋਈ ਤੇ ਗੁਸਲ ਦੇ ਪਾਣੀ ਨਾਲ ਘਰ ਵਿੱਚ ਸਬਜੀਆਂ ਤੇ ਫਲਦਾਰ ਬੂਟੇ ਸਿੰਜ ਲੈਂਦੇ ਸੀ!

**ਡਾ. ਰਮਨ:** ਪਰ ਹੁਣ ਤਾਂ ਫੱਟੀਆਂ ਤੇ ਸਲੇਟਾਂ ਦੀ ਥਾਂ ਕਾਪੀਆਂ ਪੈਨਸਲਾਂ, ਕਲਮਾਂ ਦੀ ਥਾਂ ਵਰਤੋ ਤੇ ਸੁਟੋ ਵਾਲੇ ਪੈੱਨ, ਪਿਤਲ ਦੇ ਕੌਲੀਆਂ ਗਿਲਾਸਾਂ ਤੇ ਪਲੇਟਾਂ ਦੀ ਥਾਂ ਪਲਾਸਟਕ ਦੇ ਕੱਪ ਗਿਲਾਸ ਤੇ ਪਲੇਟਾਂ, ਵਰਤੋ ਤੇ ਸੁੱਟੋ ਵਾਲਾ ਸਭਿਆਚਾਰ ਪ੍ਰਫੁਲਤ ਕਰਕੇ ਬਣਾ ਦਿੱਤਾ ਹੈ ਇੱਕ ਲੋੜ !

**ਡਾ. ਬਲਵਿੰਦਰ:** ਪਰ ਇਹ ਸਭਿਆਚਾਰ ਹੈ ਤਾਂ ਕੁਦਰਤ ਵਿਰੋਧੀ ਹੀ ! ਬਿਮਾਰੀਆਂ ਫੈਲਾਉਣ ਦਾ ਤੇ ਸ੍ਰੋਤਾਂ ਦੀ ਬਰਬਾਦੀ ਦਾ ਵੀ ਹੈ ਵੱਡਾ ਜਰੀਆ ਹੈ ! ਭਲਾ ਤੁਸੀਂ ਹੀ ਸੋਚੋ ਇਨ੍ਹਾਂ ਪਲਾਸਟਕ ਦੇ ਕੱਪ ਪਲੇਟਾਂ ਜਾ ਗਲਾਸਾਂ ਨੂੰ ਦੂਰੋਂ ਦੂਰੋਂ ਪੈਕ ਕਰਕੇ ਲਿਆਉਣ ਵੇਲੇ ਕੋਈ ਜਰਮ ਤੇ ਧੂੜ ਇਨ੍ਹਾਂ ਵਿੱਚ ਨਹੀਂ ਜਾਂਦੇ ? ਕੀ ਇਹ ਧੋਂ ਕੇ ਵਰਤੇ ਜਾਂਦੇ ਨੇ ?

**ਡਾ. ਸੁਨੀਤਾ:** ਸਾਡੀ ਤਾਂ ਮੱਤ ਹੀ ਮਾਰੀ ਗਈ ! ਚੰਗੇ ਭਲੇ ਡੂਨੇ ਤੇ ਪੱਤਲਾਂ ਬਣਦੀਆਂ ਸਨ, ਪੇੜ ਲਗਦੇ ਸਨ, ਇਨ੍ਹਾਂ ਨੂੰ ਧੋ ਕੇ ਵਰਤਿਆ ਜਾਂਦਾ ਸੀ ! ਗਲ ਸੜ ਕੇ ਖਾਦ ਬਣ ਜਾਂਦੇ ਸੀ !

**ਡਾ. ਰਮਨ:** ਪੇਪਰ ਬਰਤਨਾਂ ਦੀ ਸਨਅਤ ਨੇ ਕਿਡਾ ਵੱਡਾ ਰੁਜਗਾਰ ਵੀ ਤਾਂ ਪੈਦਾ ਕੀਤਾ ਹੈ ? ਵੇਖਣ ਨੂੰ ਵੀ ਸਾਫ ਹੁੰਦੇ ਨੇ !

**ਡਾ. ਨੀਲ:** ਵਾਹ ਜੀ ਵਾਹ ਸਾਫ! ਇਨ੍ਹਾਂ ਦੇ ਅੰਦਰ ਇੱਕ ਪਰਤ ਹੁੰਦੀ ਹੈ ਰਸਾਇਣ ਦੀ, ਜੋ ਹੁੰਦੀ ਹੈ ਘਾਤਕ ਸਿਹਤ ਦੇ ਵਾਸਤੇ ! ਸਵਾਲ ਨੇ ਇਸਦੇ ਨਿਰਮਾਣ ਵਿੱਚ ਵਰਤੀ ਜਾਂਦੀ ਸਮੱਗਰੀ ਦੀ ਗੁਣਵਤਾ 'ਤੇ ਵੀ !

**ਡਾ. ਬਲਵਿੰਦਰ:** ਰੁਜਗਾਰ ਵੀ ਇਹ ਸਨਅਤ ਉਨੇ ਨਹੀਂ ਦਿੰਦੀ ਜਿੰਨੇ ਪੱਤਲਾਂ ਡੂਨੇ ਬਣਾਉਣ ਤੇ ਵੇਚਣ ਵਿੱਚ ਮਿਲ ਸਕਦੇ ਨੇ !

**ਡਾ. ਸੁਨੀਤਾ:** ਰੁਜਗਾਰ ਵੀ ਤਾਂ ਮਹਾਂ ਨਗਰਾਂ ਦੀ ਥਾਂ ਸਥਾਨਕ ਪਿੰਡਾਂ ਕਸਬਿਆਂ ਵਾਲਿਆਂ ਨੂੰ ਮਿਲਣਗੇ ਜਿਹੜੇ ਇਸਦੇ ਵੱਧ ਲੋੜਵੰਦ ਨੇ ! ਬੇਰੁਜਗਾਰੀ ਘੱਟਣ ਨਾਲ ਸ਼ਹਿਰਾਂ ਵੱਲ ਦੌੜ ਵੀ ਘਟੇਗੀ !

**ਡਾ. ਰਮਨ:** ਗੱਲ ਤਾਂ ਤੁਹਾਡੀ ਵੀ ਠੀਕ ਲੱਗਦੀ ਹੈ ਪਰ ਹੁਣ ਤਾਂ ਸਿਰ ਉਪਰੋਂ ਲੰਘ ਗਿਆ ਹੈ ਪਾਣੀ !

**ਡਾ. ਨੀਲ:** ਪਰ ਅਜੇ ਵੀ ਡੁੱਲ੍ਹੇ ਬੇਰਾਂ ਦਾ ਕੁੱਝ ਨਹੀਂ ਵਿਗੜਿਆ, ਮਿਲ ਕੇ ਹੰਭਲਾ ਮਾਰਨ ਦੀ ਲੋੜ ਹੈ !

**ਡਾ. ਬਲਵਿੰਦਰ:** ਲੋੜ ਹੈ, ਸੁਰੱਖਿਅਣ ਅਮਲਾਂ ਦੀ, ਸ੍ਰੋਤਾਂ ਦੀ ਬਰਬਾਦੀ ਰੋਕਨ ਦੀ ਤੇ ਜਾਇਆ ਜਾਣ 'ਤੇ ਬਚਾਉਣ ਦੀ, ਜੀਵਣ ਦੇ ਹਰ ਖੇਤਰ ਵਿੱਚ ਹੀ ! ਸਮਾ ਆ ਗਿਆ ਹੈ ਪਾਣੀ ਦੀ ਬਰਬਾਦੀ ਰੋਕਣ ਦਾ ਵੀ !

**ਡਾ. ਰਮਨ:** ਪਾਣੀ ਤਾਂ ਕਾਰਾਂ ਧੋਣ ਤੇ ਆਮ ਹੀ ਵਹਾਇਆ ਜਾ ਰਿਹਾ ਹੈ, ਬਿਨਾ ਲੋੜ ਆਰ ਓ ਪਲਾਂਟਾਂ ਰਾਹੀਂ ਪੰਜ -ਪੰਜ ਗੁਣਾ ਪੀਣਯੋਗ ਪਾਣੀ ਖਰਾਬ ਕੀਤਾ ਜਾ ਰਿਹਾ ਹੈ ।

**ਡਾ. ਨੀਲ:** ਪਲਾਸਟਿਕ ਦੀਆਂ ਬੋਤਲਾਂ ਤੇ ਗਲਾਸਾਂ ਦਾ ਪਾਣੀ ਤੁਹਾਡੀ ਜੇਬ ਢਿੱਲੀ ਤਾਂ ਕਰਦਾ ਹੀ ਹੈ ਪਰ ਇਹ ਸਰੀਰ ਵਿੱਚ ਕੈਂਸਰ ਵਰਗੀਆਂ ਬਿਮਾਰੀਆਂ ਵੀ ਪੈਦਾ ਕਰਦਾ ਹੈ ਤੇ ਪਲਾਸਟਿਕ ਦੀਆਂ ਬੋਤਲਾਂ ਨਾਲ ਫੈਲਦਾ ਹੈ ਅੰਤਾਂ ਦਾ ਪ੍ਰਦੂਸ਼ਣ ਵੀ !

**ਡਾ. ਸੁਨੀਤਾ:** ਹਾਂ! ਪਰ ਇਸ ਵਿਰੁੱਧ ਵੀ ਲੋਕਾਂ ਨੇ ਅੰਦੋਲਨ ਕੀਤੇ ਨੇ ! ਕੇਰਲਾ ਵਿੱਚ ਕੋਕ ਦੀ ਫੈਕਟਰੀ 'ਤੇ ਰੋਕ ਲਗਵਾਈ ਹੈ !

**ਡਾ. ਬਲਵਿੰਦਰ:** ਇਹ ਆਵਾਜ ਵੀ ਉੱਠ ਰਹੀ ਹੈ ਕਿ ਪੈਪਸੀ ਤੇ ਕੋਕ ਵਰਗੀਆਂ ਜਿਹੜੀਆਂ ਕੰਪਨੀਆਂ ਠੰਢੇ ਪੇ ਪਦਾਰਥ ਪੀਣ ਦੇ ਪਾਣੀ ਦੀਆਂ ਬੋਤਲਾਂ ਵੇਚਦੀਆਂ ਹਨ ਉਨ੍ਹਾਂ ਤੇ ਸ਼ਰਤ ਲਗਾਈ ਜਾਵੇ ਕਿ ਉਹ ਆਪਣੀਆਂ ਖਾਲੀ ਬੋਤਲਾਂ ਨੂੰ ਖੁਦ ਇਕੱਠੇ ਕਰਨ ਦਾ ਪ੍ਰਬੰਧ ਕਰਨ ਜਾ ਫਿਰ ਇਨ੍ਹਾਂ ਖਾਲੀ ਬੋਤਲਾਂ ਦੇ ਪੁਨਰ ਚਕਰੀਕਰਨ ਵਾਸਤੇ ਸਰਕਾਰ ਨੂੰ ਇਨ੍ਹਾਂ ਦਾ ਖਰਚਾ ਅਦਾ ਕਰਨ !

**ਡਾ. ਰਮਨ:** ਇਹ ਤਾਂ ਕਰਨ ਨੂੰ ਗੱਲਾਂ ਨੇ ! ਇਕ ਕੇਰਲਾ ਦੀ ਉਦਹਾਰਣ ਨਾਲ ਸਾਰੀ ਦੁਨੀਆਂ ਨਹੀਂ ਹੋ ਜਾਣੀ ਠੀਕ ! ਕਿਸੇ ਗੱਲ ਤੇ ਕੋਈ ਸਹਿਮਤੀ ਨਹੀਂ, ਆਹ ਪਰਾਲੀ ਨੂੰ ਹੀ ਲੈ ਲਓ ! ਇਹੀ ਨੀ ਸੂਤ ਆ ਰਹੀ !

**ਡਾ. ਨੀਲ :** ਵੇਖੋ ਡਾ ਰਮਨ ! ਹਰ ਗੱਲ ਦੇ ਕਈ ਪੱਖ ਹੁੰਦੇ ਨੇ ਤੇ ਪਰਾਲੀ ਦੇ ਮਸਲੇ ਦੇ ਵੀ ਕਈ ਪੱਖ ਨੇ ! ਪਰ ਇਹ ਤਾਂ ਸੱਚ ਹੈ ਕਿ ਪਰਾਲੀ ਬਾਲਣ ਵਜੋਂ, ਖਾਦ ਵਜੋਂ ਤੇ ਗੱਤਾ ਆਦਿ ਬਣਾਉਣ ਜਾ ਬਿਜਲੀ ਪੈਦਾ ਕਰਨ ਵਿੱਚ ਵਰਤੀ ਜਾ ਸਕਦੀ ਹੈ !

**ਡਾ. ਰਮਨ:** ਹੋ ਤਾਂ ਸਕਦੀ ਹੈ ਪਰ ਕੀਤੀ ਕਿਉਂ ਨਹੀਂ ! ਕੀ ਪਰਾਲੀ ਸਾੜਨਾ ਸ੍ਰੋਤਾਂ ਦੀ ਬਰਬਾਦੀ ਨਹੀਂ ?

**ਡਾ. ਬਲਵਿੰਦਰ:** ਡਾ. ਰਮਨ ! ਪਰਾਲੀ ਸਾੜਨ ਨੂੰ ਜਾਇਜ ਤਾਂ ਕੋਈ ਵੀ ਨਹੀਂ ਠਹਿਰਾ ਰਿਹਾ ! ਪਰ ਮੁੱਦਾ ਤਾਂ ਹੈ ਇਸ ਉਪਰ ਹੋਣ ਵਾਲੇ ਖਰਚਿਆਂ ਦਾ ! ਜਦ ਤੱਕ ਹਰ ਕਿਸਾਨ ਦੀ ਪਰਾਲੀ ਦਾ ਇੱਕ ਹਫਤੇ ਦੇ ਅੰਦਰ ਉਸਦੇ ਖੇਤ ਵਿੱਚੋਂ ਸਾਫ ਕਰ ਦਿੱਤਾ ਜਾਣਾ ਯਕੀਨੀ ਨਹੀਂ ਬਣਾਇਆ ਜਾਂਦਾ ਉਨਾ ਚਿਰ ਇਹ ਸਮੱਸਿਆ ਹੱਲ ਨਹੀਂ ਹੋਣੀ !

**ਡਾ. ਸੁਨੀਤਾ:** ਹਾਂ! ਕੁਦਰਤੀ ਦਾਤਾਂ ਨੂੰ ਤੇ ਸ੍ਰੋਤਾਂ ਦੀ ਬਰਬਾਦੀ ਨੂੰ ਰੋਕਣ ਦੇ ਅਮਲਾਂ ਨੂੰ ਸਮਾਜਕ ਤੇ ਸਰਕਾਰੀ ਪੱਧਰ ‘ਤੇ ਚਾਂਦੀ ਦੇ ਸਿੱਕਿਆਂ ਦੀ ਚਮਕ ਵਿੱਚ ਨਹੀਂ ਤੋਲਿਆ ਜਾ ਸਕਦਾ ! ਇਸ ਲਈ ਪਹਿਲ ਪਰਾਲੀ ਦੇ ਨਿਪਟਾਰੇ ਨੂੰ ਦਿੱਤੀ ਜਾਵੇ ਨਾ ਕਿ ਇਸ ਟਿਕਾਊ ਨਿਪਟਾਰੇ ‘ਤੇ ਹੋਣ ਵਾਲੇ ਖਰਚਿਆਂ ਨੂੰ !

**ਡਾ. ਨੀਲ:** ਕੁਦਰਤੀ ਸ੍ਰੋਤਾਂ ਦੀ ਸਾਂਭ ਸੰਭਾਲ, ਸੁਰਖਿਅਤਾ ਦੇ ਅਮਲਾਂ, ਬਰਬਾਦੀ ਤੋਂ, ਜਾਇਆ ਜਾਣ ਤੋਂ, ਰੋਕ ਦੇ ਅਮਲਾਂ ਦੀ ਮੁਹਿੰਮ ਦਾ ਤਾਂ ਉਦੇਸ਼ ਹੀ ਇਹ ਹੈ ਕਿ ਇਨ੍ਹਾਂ ਸਮੱਸਿਆਵਾਂ ਬਾਬਤ ਜਾਗਰੂਕਤਾ ਰਾਹੀਂ ਲੋਕਾਂ ਦੀ ਸਰਗਰਮ ਸ਼ਮੂਲੀਅਤ ਕਰਵਾਈ ਜਾਵੇ !

**ਡਾ. ਰਮਨ:** ਮਨੁੱਖੀ ਲੋੜਾਂ ਤੇ ਰੋਕ ਲਗਾ ਕੇ ਸ੍ਰੋਤਾਂ ਨੂੰ ਬਚਾਉਣ ਦੇ ਕੀ ਮਾਇਨੇ ? ਕਿਸੇ ਨੇ ਕੀ ਲੈਣਾ ਹੈ ਅਜਿਹੇ ਸੁਰੱਖਿਅਣ ਅਮਲਾਂ ਤੋਂ ਜੇ ਲੋੜਾਂ ਹੀ ਛੱਡਣੀਆਂ ਪਈਆਂ ! ਆਪ ਮਰੇ ਜੱਗ ਪਰਲੋ !

**ਡਾ. ਬਲਵਿੰਦਰ:** ਨਹੀਂ ਡਾ. ਰਮਨ ਨਹੀਂ ! ਸਾਡੇ ਮੂੰਹ ਵਿੱਚ ਗੱਲ ਤਾਂ ਨਾ ਪਾ ! ਅਸੀਂ ਕਦ ਕਿਹਾ ਹੈ ਲੋੜਾਂ ਨਾ ਪੂਰੀਆਂ ਹੋਣ ? ਲੋੜਾਂ ਤੇ ਲਾਲਸਾ /ਲਾਲਚ ਵਿੱਚ ਅੰਤਰ ਹੈ, ਬਹੁਤ ਵੱਡਾ ! ਉਸਨੂ ਪਹਿਚਾਣ !

**ਡਾ. ਸੁਨੀਤਾ:** ਹਾਂ! ਗਾਂਧੀ ਜੀ ਨੇ ਕਿਹਾ ਹੈ ਕਿ ਧਰਤੀ ਮਨੁੱਖ ਦੀਆਂ ਲੋੜਾਂ ਤਾਂ ਪੂਰੀਆਂ ਕਰ ਸਕਦੀ ਹੈ ਪਰ ਲਾਲਚ ਨਹੀਂ ਪੂਰਾ ਕਰ ਸਕਦੀ !

**ਡਾ. ਨੀਲ:** ਹਾਂ ਜੇ ਹਰ ਮਨੁੱਖ ਉਹ ਸੱਭ ਕੁੱਝ ਲੈਣ ਲੱਗ ਪਵੇ ਜੋ ਇੱਕ ਅਮਰੀਕਨ ਵਰਤ ਰਿਹਾ ਹੈ ਤਾਂ ਸੱਤ ਧਰਤੀਆਂ ਹੋਰ ਚਾਹੀਦੀਆਂ ਨੇ !

**ਡਾ. ਬਲਵਿੰਦਰ:** ਬੱਸ ਇਹੀ ਹੈ ਮਾਮਲਾ! ਲੋੜ ਹੈ ਇਸੇ ਨੂੰ ਸੁਲਝਾਉਣ ਦੀ ! ਲੋੜਾਂ ਤੇ ਲਾਲਚ ਵਿੱਚ ਅੰਤਰ ਸਮਝਣ ਦੀ ! ਇਹੀ ਹੈ ਮੁਹਿੰਮ, ਸ੍ਰੋਤਾਂ ਦੇ ਸੁਰੱਖਿਅਣ ਅਮਲਾਂ ਦੀ !

**ਡਾ. ਰਮਨ:** ਭੋਜਨ ਪਦਾਰਥਾਂ ਦੀ ਵੀ ਹੋ ਰਹੀ ਹੈ ਬਰਬਾਦੀ ਬੇਥਾਹ! ਕੀ ਕਰ ਰਹੇ ਹੋ ਇਸ ਅੰਨ੍ਹੀ ਬਰਬਾਦੀ ਨੂੰ ਰੋਕਣ ਵਾਸਤੇ ਤੁਸੀਂ ?

**ਡਾ. ਨੀਲ:** ਹਾਂ! ਭੋਜਨ ਦੀ ਬਰਬਾਦੀ ਨੂੰ ਰੋਕ ਕੇ ਸੰਸਾਰ ਦੇ 100 ਕਰੋੜ ਭੁੱਖੇ ਲੋਕਾਂ ਨੂੰ ਭੋਜਨ ਉਪਲਬਧ ਕਰਵਾਇਆ ਜਾ ਸਕਦਾ ਹੈ !

**ਡਾ. ਸੁਨੀਤਾ:** ਸਾਡੇ ਦੇਸ ਵਿੱਚ ਤੇ ਤੀਜੀ ਦੁਨੀਆਂ ਦੇ ਹੋਰ ਦੇਸਾਂ ਵਿੱਚ ਤਾਂ ਭੋਜਨ ਪਦਾਰਥਾਂ ਦੀ ਬਹੁਤ ਸਾਰੀ ਬਰਬਾਦੀ ਉਨ੍ਹਾਂ ਦੀ ਕਟਾਈ , ਢੋ ਢੁਆਈ , ਭੰਡਾਰਨ, ਵਿਤਰਣ ਤੇ ਉਨ੍ਹਾਂ ਤੋਂ ਸਮਾਨ ਤਿਆਰ ਕਰਨ ਵੇਲੇ ਹੀ ਹੋ ਜਾਂਦੀ ਹੈ !

**ਡਾ. ਬਲਵਿੰਦਰ**: ਅਮੀਰ ਮੁਲਕਾਂ ਵਿੱਚ ਭੋਜਨ ਪਦਾਰਥ ਸਟੋਰਾਂ ਵਿੱਚ ਪਏ ਪਏ ਖਰਾਬ ਹੋ ਜਾਂਦੇ ਹਨ ਵਿਕਦੇ ਨਹੀਂ ! ਸੰਸਾਰ ਦੇ ਭੋਜਨ ਭੰਡਾਰਾਂ ਦਾ ਤੀਜਾ ਹਿੱਸਾ ਯਾਣੀ 130 ਕਰੋੜ ਟਨ ਖਰਾਬ ਹੋ ਜਾਂਦਾ ਹੈ । ਇਸਦੇ ਇੱਕ ਚੁਥਾਈ ਨਾਲ ਸਾਰੀ ਦੁਨੀਆ ਦੀ ਭੁੱਖਮਰੀ ਦੂਰ ਹੋ ਸਕਦੀ ਹੈ !

**ਡਾ. ਰਮਨ**: ਇਸ ਤਰ੍ਹਾਂ ਤਾਂ ਇਹ ਅਮਰੀਕਨ ਕੂੜ ਕਬਾੜ ਵੀ ਬਹੁਤ ਜਿਆਦਾ ਵਧਾ ਦਿੰਦੇ ਹੋਣਗੇ ?

**ਡਾ. ਨੀਲ** : ਹਾਂ ! ਸੰਸਾਰ ਦੇ ਭੋਜਨ ਪਦਾਰਥਾਂ ਦੀ 40% ਪੂਰਤੀ ਦੀ ਬਰਬਾਦੀ ਇਕੱਲੇ ਅਮਰੀਕਾ ਵਿੱਚ ਹੁੰਦੀ ਹੈ ! ਖਰਾਬ ਹੋਏ ਭੋਜਨ ਪਦਾਰਥ ਨੇ ਸੱਭ ਤੋਂ ਵੱਡਾ ਹਿੱਸਾ ਉਨ੍ਹਾਂ ਦੇ ਕੂੜੇ ਦੇ ਢੇਰਾਂ ਦਾ!

**ਡਾ. ਬਲਵਿੰਦਰ**: ਸ੍ਰੋਤਾਂ ਦੀ ਬਰਬਾਦੀ ਦੇ ਨਾਲ ਹੀ ਕੂੜੇ ਦੇ ਇਹ ਅੰਬਾਰ ਪੈਦਾ ਕਰਦੇ ਨੇ ਸੱਭ ਤੋਂ ਵੱਧ ਹਰਿਤ ਘਰ ਗੈਸਾਂ, ਇਹ ਸੈਂਕੜੇ ਕਰੋੜ ਟਨ ਹਰਿਤ ਘਰ ਗੈਸਾਂ ਬਣਦੀਆਂ ਨੇ ਵੱਡਾ ਕਾਰਨ ਆਲਮੀ ਤਪਸ਼ ਦਾ! ਅਮਰੀਕਨ ਤਾਂ ਕੇਵਲ ਵਿਅਕਤੀਗਤ ਆਦਤਾਂ ਬਦਲ ਕੇ ਹੀ ਹਰ ਸਾਲ ਬਚਾ ਸਕਦੇ ਨੇ ਖਰਾਬ ਹੋਣ ਵਾਲੇ ਭੋਜਨ ਦੀ ਬਹੁਤ ਵੱਡੀ ਮਾਤਰਾ ਨੂੰ !

**ਡਾ. ਨੀਲ** : ਭੋਜਨ ਵਸਤਾਂ ਨੂੰ ਜਾਇਆ ਜਾਣ ਤੋਂ ਬਚਾਉਣ ਵਾਸਤੇ, ਅਮਰੀਕਨਾਂ ਨੇ ਆਪਣੇ ਸ਼ਹਿਰੀਆਂ ਵਾਸਤੇ 29 ਨੁਕਤੇ ਕੀਤੇ ਨੇ ਜਾਰੀ ! ਕਿਹਾ ਹੈ "ਕੇਵਲ ਤੁਰੰਤ ਵਰਤਣ ਵਾਲੀਆਂ ਚੀਜਾਂ ਹੀ ਖ੍ਰੀਦੋ , ਲੋੜ ਮੁਤਾਬਕ ਹੀ ਖ੍ਰੀਦੋ, ਇਕੱਲੇ ਰਹਿੰਦੇ ਵਕਤ ਪੂਰੇ ਪਰਵਾਰ ਦੀ ਲੋੜ ਜਿੰਨੀਆਂ ਵਸਤਾਂ ਨਾ ਖ੍ਰੀਦੋ !

**ਡਾ. ਸੁਨੀਤਾ**: ਘਰ ਲਈ ਨੁਸਖੇ ਨੇ, "ਪੁਰਾਣੀਆਂ ਵਸਤਾਂ ਨੂੰ ਅਗੇ ਰੱਖੋ ! ਹਫਤੇ ਵਿੱਚ ਖਰਾਬ ਹੋਣ 'ਤੇ ਸੁੱਟੀਆਂ ਵਸਤਾਂ ਦਾ ਹਿਸਾਬ ਲਗਾਓ, ਮਿਆਦ ਦਾ ਧਿਆਨ ਰੱਖੋ, ਹਰ ਹਫਤੇ ਇੱਕ ਖਾਣੇ ਵਿੱਚ ਬਚੀਆਂ ਵਸਤਾਂ ਵਰਤੋ, ਛਿਲਕੇ ਸਮੇਤ ਵਰਤੋ, ਖਰਾਬ ਹੋਣ ਵਾਲੀਆਂ ਵਸਤਾਂ ਦੀ ਸਹੀ ਸੰਭਾਲ ਕਰੋ, ਵਾਧੂ ਨੂੰ ਵੰਡ ਦਿਓ, ਅਚਾਰ ਚਟਨੀਆਂ ਜਾਂ ਮੁਰੱਬੇ ਬਣਾ ਲਓ"!

**ਡਾ. ਬਲਵਿੰਦਰ**: ਖਾਣ ਵੇਲੇ ਧਿਆਨਯੋਗ ਗੱਲਾਂ ਨੇ ਕਿ ਜਿੰਨਾ ਲੋੜ ਉਨਾ ਹੀ ਪਲੇਟ ਵਿੱਚ ਪਾਓ , ਅੱਧਾ ਅੱਧਾ ਕਰਕੇ ਖਾ ਲਓ , ਬਚਿਆ ਪੈਕ ਕਰਕੇ ਲੈ ਜਾਓ , ਪੂਰੀ ਥਾਲੀ ਨਾ ਲਓ !

**ਡਾ. ਨੀਲ** : ਬਰਬਾਦੀ ਤੇ ਜਾਇਆ ਜਾਣ ਤੋਂ ਰੋਕਣ ਦੇ ਸੁਰੱਖਿਅਣ ਅਮਲਾਂ ਨਾਲ ਅਸੀਂ ਭੋਜਨ ਉਗਾਏ ਜਾਣ ਵਾਲੀ 28% ਧਰਤੀ ਦੀ ਬੱਚਤ ਕਰ ਸਕਦੇ ਹਾਂ !

**ਡਾ. ਸੁਨੀਤਾ** : ਕੇਵਲ ਧਰਤੀ ਹੀ ਨਹੀਂ ਸਗੋਂ ਫਸਲ ਵਾਸਤੇ ਵਰਤੇ ਜਾਣ ਵਾਲੇ ਹੋਰ ਸ੍ਰੋਤਾਂ ਦੀ ਵੀ ਬੱਚਤ !

**ਡਾ. ਰਮਨ**: ਪਰ ਵਿਅਕਤੀਗਤ ਕੋਸ਼ਿਸ਼ਾਂ ਦੀ ਥਾਂ ਅਸੀਂ ਸਮੂਹਿਕ ਕੋਸ਼ਿਸ਼ਾਂ ਤੇ ਸਰਕਾਰੀ ਤੌਰ ਤਰੀਕੇ ਕਿਉਂ ਨਹੀਂ ਬਦਲਦੇ ?

**ਡਾ. ਨੀਲ**: ਕਿਸਨੇ ਕਿਹਾ ਹੈ ਕਿ ਅਸੀਂ ਕੇਵਲ ਵਿਅਕਤੀਗਤ ਕੋਸ਼ਿਸ਼ਾਂ ਦੀ ਗੱਲ ਕਰਦੇ ਹਾਂ ? ਇਸਦੇ ਉਲਟ ਅਸੀਂ ਤਾਂ ਸ੍ਰੋਤਾਂ ਦੇ ਸੁਰੱਖਿਅਣ ਅਮਲਾਂ ਬਾਬਤ ਮੁਹਿੰਮਾਂ ਚਲਾ ਕੇ ਸਮਾਜ ਨੂੰ ਸਰਗਰਮ ਕਰਕੇ ਸਮੂਹਿਕ ਭੂਮਿਕਾ ਦੀ ਤੇ ਸਰਕਾਰਾਂ ਵਿੱਚ ਰਾਇ ਬਣਾਉਣ ਦੀ ਗੱਲ ਕਰਦੇ ਹਾਂ ਤਾ ਕਿ ਸਰਕਾਰਾਂ ਨੂੰ ਵੀ ਲੋੜੀਂਦੀਆਂ ਸਹੀ ਨੀਤੀਆਂ ਬਣਾਉਣੀਆਂ ਪੈਣ !

**ਡਾ. ਬਲਵਿੰਦਰ**: ਜਾਗਰੂਕਤਾ ਮੁਹਿੰਮਾਂ ਨਾ-ਨਵਿਆਉਣਯੋਗ ਸ੍ਰੋਤਾਂ ਨੂੰ ਬਚਾਉਣ ਵਾਸਤੇ ਵੱਖ-ਵੱਖ ਪੱਧਰਾਂ 'ਤੇ ਕੀਤੇ ਜਾਣ ਵਾਲੇ ਯਤਨਾਂ ਦੀ ਲੋੜ ਉਭਾਰਨ ਦੇ ਵਾਸਤੇ ਰਾਇ ਆਮਾ ਬਣਾਉਣ ਤੇ ਇੱਕ ਲੋਕ ਲਹਿਰ ਉਸਾਰਣ ਦੇ ਲਈ ਕਰਦੀਆਂ ਨੇ ਯਤਨ !

**ਡਾ. ਨੀਲ :** ਭੋਜਨ ਬਚਾਓ ਮੁਹਿੰਮ ਨੂੰ ਹੀ ਲੈ ਲਓ , ਜੇਕਰ ਅਸੀਂ ਇੱਕ ਰਾਇ ਬਣਾ ਦਿੰਦੇ ਹਾਂ ਕਿ ਸਥਾਨਕ ਪੱਧਰ ਤੇ ਉਗਾਈਆਂ ਫਸਲਾਂ ਦੀ ਹੀ ਖ਼੍ਰੀਦ ਕਰੀਏ ਤਾਂ ਢੋ ਢੁਆਈ ਵਿੱਚ ਵਰਤੇ ਜਾਣ ਵਾਲੇ ਪਥਰਾਹਟੀ ਬਾਲਣਾਂ ਦੀ ਬੱਚਤ ਹੋਵੇਗੀ ! ਹੋਈ ਨਾਂ ਸ੍ਰੋਤਾਂ ਦੀ ਹੀ ਬੱਚਤ !

**ਡਾ. ਬਲਵਿੰਦਰ**: ਵੇਖਣ ਵਿੱਚ ਛੋਟੇ ਲੱਗਣ ਵਾਲੇ ਵੀ ਇਹ ਯਤਨ ਵੱਡੇ ਹੋ ਨਿਬੜਦੇ ਨੇ, ਲੀਕ ਕਰਦੀਆਂ ਪਾਈਪਾਂ ਟੂਟੀਆਂ ਆਦਿ ਦੀ ਰੋਕ ਨਾਲ ਪਾਣੀ ਦੀ ਬਹੁਤ ਬੱਚਤ ਹੋ ਸਕਦੀ ਹੈ, ਸੋਚੋ ਜੇ ਇੱਕ ਟੂਟੀ ਇੱਕ ਤੁਪਕਾ ਪ੍ਰਤੀ ਸਕਿੰਟ ਲੀਕ ਕਰੇ ਤਾਂ ਇੱਕ ਸਾਲ ਦੀ ਲੀਕੇਜ ਹੋਵੇਗੀ 2700 ਗੇਲਨ ਸਾਫ ਪਾਣੀ!

**ਡਾ. ਰਮਨ**: ਪਰ ਸਰਵ ਜਨਕ ਟੂਟੀਆਂ, ਮਿਉਂਸਪਲ ਸਪਲਾਈ ਤੇ ਜਨਤਕ ਸੇਵਾਵਾਂ ਵਾਲੀਆਂ ਥਾਵਾਂ ਤੇ ਹੁੰਦੀ ਲੀਕ ਰਾਹੀਂ ਹਰ ਰੋਜ ਜਾਇਆ ਹੋ ਰਹੇ ਅਰਬਾਂ ਕਰੋੜ ਗੇਲਨ ਪਾਣੀ ਦਾ ਕੀ ਕਰੋਗੇ ਹੱਲ ?

**ਡਾ. ਸੁਨੀਤਾ**: ਡਾ. ਰਮਨ ! ਜਾਗਰੂਕਤਾ ਮੁਹਿੰਮ ਦਾ ਇਹੀ ਤਾਂ ਉਦੇਸ ਹੈ ਕਿ ਲੋਕ ਇਕ ਸਰਗਰਮ ਸ਼ਮੂਲੀਅਤ ਕਰਨ ਪ੍ਰਸ਼ਾਸ਼ਨ ਵਿੱਚ ਵੀ ! ਚੇਤਨਾ ਦੇ ਨਾਲ ਹੀ ਲੋੜ ਪੈਣ ‘ਤੇ ਮਜਬੂਰ ਕਰਨ ਕਿ ਪ੍ਰਸ਼ਾਸ਼ਨ ਇਸ ਅਜਾਈਂ ਜਾ ਰਹੇ ਪੀਣ ਦੇ ਪਾਣੀ ਵਾਸਤੇ ਸੁਰੱਖਿਅਣ ਅਮਲ ਅਪਣਾਏ ਤੇ ਲਾਗੂ ਕਰੇ !

**ਡਾ. ਨੀਲ**: ਹਰ ਸਾਲ ਕੇਵਲ ਕਾਗਜ ਵਾਸਤੇ ਹੀ 400 ਕਰੋੜ ਰੁੱਖਾਂ ‘ਤੇ ਫਿਰਦਾ ਹੈ ਕੁਹਾੜਾ! ਪਰ ਜੇ ਕਰ ਅਸੀਂ ਪੜ੍ਹਾਈ ਵਿੱਚ, ਆਮ ਵਰਤੋਂ ਵਿੱਚ, ਕਾਗਜ ਦੀ ਵਰਤੋਂ ਘਟਾ ਲਈਏ ਤੇ ਸੰਜਮ ਨਾਲ ਵਰਤਇ ਤਾਂ ਇਨ੍ਹਾਂ ਰੁੱਖਾਂ ਨੂੰ ਬਚਾਇਆ ਜਾ ਸਕਦਾ ਹੈ !

**ਡਾ. ਬਲਵਿੰਦਰ**: ਸਮੁੰਦਰੀ ਤਟ ਦੀ ਪਰਿਆਵਰਣੀ ਪ੍ਰਣਾਲੀ ਨੂੰ ਬਚਾਉਣ ਵਾਸਤੇ ਜਰੂਰੀ ਹੈ ਕਿ ਕੋਰਲ ਰੀਫ ( ਮੂੰਗਾ ਚਟਾਨਾਂ ) ਨਾਲ ਛੇੜ ਛਾੜ ਨਾ ਕੀਤੀ ਜਾਵੇ ! ਸਮੁੰਦਰੀ ਭੋਜਨ ਪਦਾਰਥ ਖ਼੍ਰੀਦਣ ਵਾਲਿਆਂ ਵੱਲੋਂ ਦਿੱਤਾ ਧਿਆਨ ਇਸ ਪ੍ਰਣਾਲੀ ਦੀ ਸੁਰੱਖਿਆ ਕਰ ਸਕਦਾ ਹੈ ! ਸੈਲਾਨੀਆਂ ਦਾ ਇਨ੍ਹਾਂ ਦੇ ਨੇੜੇ ਨਾ ਜਾਣਾ ਇਨ੍ਹਾਂ ਦੀ ਬੱਚਤ ਹੈ !

**ਡਾ. ਸੁਨੀਤਾ**: ਜਾਗਰੂਕਤਾ ਮੁਹਿੰਮਾਂ ਇਨ੍ਹਾਂ ਇਲਾਕਿਆਂ ਵਿੱਚ ਮਛੇਰਿਆਂ ਨੂੰ, ਉਥੋਂ ਦੇ ਵਸਿੰਦਿਆਂ ਨੂੰ ਤੇ ਸੈਲਾਨੀਆਂ ਨੂੰ , ਚੇਤੰਨ ਕਰਕੇ ਕੁਦਰਤੀ ਸ੍ਰੋਤਾਂ ਦੇ ਸੁਰੱਖਿਅਣ ਵਿੱਚ ਭੂਮਿਕਾ ਨਿਭਾ ਸਕਦੀਆਂ ਹਨ ! ਉਥੋਂ ਦੀ ਜੈਵਿਕ ਭਿੰਨਤਾ ਲਈ, ਮੱਛੀਆਂ ਫੜਣ ਤੇ ਸੈਰ ਸਪਾਟੇ ਦੇ ਉਦਯੋਗ ਲਈ ਮੂੰਗਾ ਚਟਾਨਾਂ ਦੀ, ਅਹਿਮੀਅਤ ਬਾਬਤ ਚੇਤੰਨ ਕਰ ਸਕਦੀਆਂ ਹਨ !

**ਡਾ. ਨੀਲ :** ਪਰਿੰਟਰ ਦੀ ਕਾਰਟਰਿਜ ਨੂੰ ਹੀ ਲੈ ਲਓ ! ਮੁੜ ਵਰਤੋਂ ਦੀ ਥਾਂ 1,00,000 ਨਵੀਂ ਕਾਰਟਰਿਜ ਵਾਸਤੇ 50 ਕੁਆਂਟਲ ਐਲੂਮੀਨੀਅਮ, 400 ਕੁਆਂਟਲ ਪਲਾਸਟਿਕ ਤੇ 2,50,000 ਗੈਲਨ ਹੋਰ ਤੇਲ ਦੀ ਲੋੜ ਪਵੇਗੀ !

**ਡਾ. ਬਲਵਿੰਦਰ**: ਕਾਰਟਰਿਜ ਗਲਣ ਵਾਸਤੇ ਇੱਕ ਹਜਾਰ ਸਾਲ ਲਵੇਗੀ ! ਇਕੱਲੇ ਅਮਰੀਕਨ ਹੀ , ਸਾਲਾਨਾ 40 ਕਰੋੜ ਕਾਰਟਰਿਜ ਵਰਤਦੇ ਨੇ ! ਲਗਾ ਲਉ ਹਿਸਾਬ ਪ੍ਰਦੂਸ਼ਣ ਦਾ ਤੇ ਕੁਦਰਤੀ ਸ੍ਰੋਤਾਂ ਦੇ ਘਾਣ ਦਾ !

**ਡਾ. ਰਮਨ**: ਠੀਕ ਹੈ ! ਪਰ ਤੁਸੀਂ ਇੱਕ ਗੱਲ ਭੁੱਲ ਜਾਂਦੇ ਹੋ ਕਿ ਕਾਰਟਰਿਜ ਬਣਵਾਉਣ ਵਾਲੀਆਂ ਕੰਪਨੀਆਂ ਨਾ ਤਾਂ ਪੁਰਾਣੀ ਕਾਰਟਰਿਜ ਵਾਪਸ ਲੈ ਰਹੀਆਂ ਹਨ ਤੇ ਨਾ ਹੀ ਪੁਰਾਣੀ ਨੂੰ ਮੁੜ ਭਰ ਕੇ ਵਰਤਨ ਦੀ ਕਾਨੂੰਨੀ ਇਜਾਜਤ ਹੈ! ਹਰ ਵਾਰ ਖ਼੍ਰੀਦੋ ਨਵੀਂ ਕਾਰਟਰਿਜ ! ਕਰੋ ਉਜਾੜਾ ਕੁਦਰਤੀ ਸ੍ਰੋਤਾਂ ਦਾ ! ਕੀ ਹੈ ਹੱਲ ਇਸਦਾ ?

**ਡਾ. ਸੁਨੀਤਾ**: ਇਹੀ ਤਾਂ ਹੈ ਉਦੇਸ ਜਾਗਰੂਕਤਾ ਮੁਹਿੰਮਾਂ ਦਾ , ਕਿ ਅਜਿਹੇ ਮਾਮਲਿਆਂ ‘ਤੇ ਧਿਆਨ ਦਵਾ ਕੇ ਕਰਵਾਏ ਜਾਣ ਲੋੜੀਂਦੇ ਕਾਨੂੰਨੀ ਪ੍ਰਾਵਧਾਨ !

**ਡਾ. ਬਲਵਿੰਦਰ**: ਸੈਂਪੂ ਬੋਤਲਾਂ, ਟ੍ਰੈਫਿਕ ਕੋਨਾਂ, ਫਿਲਮਾਂ ਸ਼ੀਟਾਂ ਪੈਕ ਕਰਨ ਦੀ ਸਮੱਗਰੀ ਆਦਿ ਦਾ ਪੁਨਰ-ਚਕਰੀਕਰਨ ਹੈ ਇੱਕ ਬਹੁਤ ਵਧੀਆ ਤਰੀਕਾ, ਸ੍ਰੋਤਾਂ ਦੇ ਸੁਰੱਖਿਅਣ ਦਾ ! ਬਚਦੀ ਹੈ ਊਰਜਾ, ਘੱਟਦੀ ਹੈ ਪਰਿਆਵਰਣੀ ਤੇ ਪਾਣੀ ਦੀ ਮਲੀਨਤਾ !

**ਡਾ. ਰਮਨ:** ਕਿਹੜੀਆਂ ਕਰਦੇ ਓ ਗੱਲਾਂ , ਬਾਬਾ ਆਮ ਵੇਲੇ ਦੀਆਂ ? ਤੁਹਾਡੇ ਅਨੁਸਾਰ ਤਾਂ ਬੱਸ ਵਰਤੀ ਜਾਓ ਪੁਰਾਣੀਆਂ ਚੀਜਾਂ ਹੀ, ਕਾਰਖਾਨੇ ਕਰਕੇ ਬੰਦ, ਵਿਹਲੇ ਕਰ ਦਿਓ ਮਜਦੂਰਾਂ ਨੂੰ ਤੇ ਦੇ ਦਿਓ ਪੁੱਠਾ ਗੇੜਾ ਵਿਕਾਸ ਦੀ ਧੁਰੀ ਨੂੰ!

**ਡਾ. ਬਲਵਿੰਦਰ:** ਕਿਹੜਾ ਵਿਕਾਸ ? ਜਿਹੜਾ ਦੇਸ਼ ਵਿੱਚ ਗਰੀਬੀ, ਅਨਪੜ੍ਹਤਾ ਤੇ ਬਿਮਾਰੀਆਂ ਫੈਲਾਉਂਦਾ ਹੈ ? ਜਿਹੜਾ ਦਲਿਦਰ ਤੇ ਅਸਹਿਣਸ਼ਲਿਤਾ ਫੈਲਾਉਂਦਾ ਹੈ ? ਜਿਹੜਾ ਲੋਕਾਂ ਦੀ ਅਵਾਜ ਨੂੰ ਦਬਾਉਂਦਾ ਹੈ ? ਜਿਹੜਾ ਸਿਰਜਨਆਤਮਕਤਾ ਤੇ ਖੋਜਾਂ ਦੇ ਰਸਤੇ ਵਿੱਚ ਰੋੜਾ ਹੈ ? ਜਿਹੜਾ ਕੁਦਰਤੀ ਸ੍ਰੋਤਾਂ ਨੂੰ, ਪਾਣੀ ਨੂੰ, ਮਿੱਟੀ ਨੂੰ ਤੇ ਹਵਾ ਨੂੰ ਕਰਦਾ ਹੈ ਬਰਬਾਦ ? ਜਿਸਨੇ ਪੈਦਾ ਕਰ ਦਿੱਤੀ ਅੰਤਾਂ ਦੀ ਬੇਰੁਜਗਾਰੀ ? ਇਹੀ ਤਾਂ ਹੈ ਦੁਖਾਂਤ ਆਧੁਨਿਕ ਕਹਾਉਣ ਵਾਲੇ ਇਸ ਮਨੁੱਖ ਦਾ !

**ਔਰਤ ਸੂਤਰਧਾਰ:** ਬਚਾ ਸਕਦੇ ਹਾਂ ਅਸੀਂ, ਕੁਦਰਤੀ ਸ੍ਰੋਤਾਂ ਨੂੰ , ਕਾਬੂ ਕਰਕੇ ਆਪਣੀਆਂ ਫਾਲਤੂ ਲੋੜਾਂ ਨੂੰ ! ਕਾਬੂ ਪਾ ਕੇ ਆਪਣੇ ਜੀਵਣ ਦੇ ਅਮਲਾਂ ‘ਤੇ! ਬਚਾ ਕੇ ਜਾਇਆ ਹੋਣ ਤੋਂ ਅਨਮੋਲ ਜਲ ਨੂੰ ? ਘਟਾ ਕੇ ਕਾਗਜ ਦੀ ਬੇਲੋੜੀ ਵਰਤੋਂ , ਘਟਾ ਕੇ ਫੋਕਟ ਨੂੰ ! ਅਪਣਾ ਕੇ ਕੁਦਰਤ ਦੀ ਮੁੜ ਵਰਤੋਂ ਵਾਲੀ ਜੀਵਣ ਸ਼ੈਲੀ !

**ਮਰਦ ਸੂਤਰਧਾਰ:** ਵਰਤੋਂ ਬਾਅਦ ਵਰਤਕੇ ਕਿਸੇ ਹੋਰ ਮੰਤਵ ਦੇ ਲਈ, ਪੁਨਰ ਚਕਰੀਕਰਨ ਫੋਕਟ ਦਾ , ਹੈ ਪੁਖਤਾ ਨੁਸਖਾ ਸ੍ਰੋਤਾਂ ‘ਤੇ ਬੋਝ ਘਟਾਉਣ ਦਾ! ਅਗਲੀਆਂ ਪੀੜ੍ਹੀਆਂ ਦੇ ਹੱਕ ਸੰਭਾਲ ਕੇ ਦੇਣ ਦਾ !

**ਔਰਤ ਸੂਤਰਧਾਰ:** ਹਾਂ ! ਧਰਤ ਗ੍ਰਹਿ ਨੂੰ ਅਤੇ ਜੈਵਿਕ ਤੇ ਅਜੈਵਿਕ ਵੰਨ-ਸੁਵੰਨਤਾ ਨੂੰ ਬਚਾਉਣ ਵਾਸਤੇ ਸਹਾਈ ਹੋ ਸਕਦੇ ਨੇ ਇਹ ਸੁਰੱਖਿਅਣ ਅਮਲ, ਬਰਬਾਦੀ ਨੂੰ ਤੇ ਸ੍ਰੋਤਾਂ ਦੇ ਜਾਇਆ ਜਾਣ ਨੂੰ ਰੋਕ ਕੇ !

-------ਸਮਾਪਤ------

ਪ੍ਰਸ਼ਨ:

ਪ੍ਰਸ਼ਨ-1 ਸ੍ਰੋਤਾਂ ਦੇ ਸੁਰੱਖਿਅਣ ਵਾਸਤੇ ਕਿਹੜੇ ਅਮਲ ਜਰੂਰੀ ਨੇ ?

ਉੱਤਰ: ਸੰਭਲ ਕੇ ਵਰਤੋਂ , ਮੁੜ-ਮੁੜ ਵਰਤੋਂ , ਪੁਨਰ ਚਕਰੀਕਰਨ ਤੇ ਪੁਨਰ ਨਿਰਮਾਣ !

ਪ੍ਰਸ਼ਨ : ਕਿਉਂ ਨੇ ਜਰੂਰੀ ਸੁਰੱਖਿਅਣ ਅਮਲ ?

ਉੱਤਰ : ਸ੍ਰੋਤਾਂ ਦੀ ਮੁੜ ਭਰਾਈ ਵਾਸਤੇ , ਪੁਨਰ ਚਕਰੀਕਰਨ ਤੇ ਪੁਨਰਨਿਰਮਾਣ ਵਾਸਤੇ ਸਮਾਂ ਦੇਣ ਲਈ ਕੁਦਰਤ ਨੂੰ !